# ਮਾਤਾ ਸੁੰਦਰੀ ਕਾਲਜ ਵੱਲੋਂ ਗੁਰੂ ਤੇਗ਼ ਬਹਾਦਰ ਤੇ ਕੌਮੀ ਗੋਸ਼ਟੀ ਦਾ ਆਯੋਜਨ

ਨਵੀਂ ਦਿੱਲੀ: ਮਾਤਾ ਸੁੰਦਰੀ ਕਾਲਜ ਦੇ ਘੱਟ ਗਿਣਤੀ ਸੈੱਲ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਦੋ ਰੋਜ਼ਾ ਕੌਮੀ ਗੋਸ਼ਟੀ ਦਾ ਆਯੋਜਨ ਕੀਤਾ ਗਿਆ।ਇਸ ਗੋਸ਼ਟੀ 'ਗੁਰੂ ਤੇਗ਼ ਬਹਾਦਰ : ਜੀਵਨ, ਦਰਸ਼ਨ ਅਤੇ ਵਿਰਾਸਤ' ਵਿਸ਼ੇ 'ਚ ਦਿੱਲੀ, ਪੰਜਾਬ ਅਤੇ ਹਰਿਆਣਾ ਤੋਂ ਵਿਦਵਾਨਾਂ ਨੇ ਸ਼ਮੂਲੀਅਤ ਕੀਤੀ।ਕਾਲਜ ਦੀ ਪ੍ਰਿੰਸੀਪਲ ਪ੍ਰੋ. ਹਰਪ੍ਰੀਤ ਕੌਰ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ 'ਘੱਟ ਗਿਣਤੀ ਸੈੱਲ ਵੱਲੋਂ ਕੀਤਾ ਗਿਆ ਇਹ ਉੱਦਮ ਗੁਰੂ ਸਾਹਿਬ ਦੇ ਜੀਵਨ ਅਤੇ ਫਲਸਫੇ ਦਾ ਨਵੀਂ ਪੀੜ੍ਹੀ ਨਾਲ ਰਾਬਤਾ ਬਣਾਇਆ ਸਕੇ।ਗੁਰੂ ਸਾਹਿਬ ਦਾ ਜੀਵਨ ਉਸ ਸਮੇਂ ਤੋਂ ਲੈ ਕੇ ਸਮਕਾਲ ਤੱਕ ਪ੍ਰਸੰਗਿਕਤਾ ਬਣਾਈ ਰਖਦਾ ਹੈ।ਸਾਡਾ ਇਹ ਵੀ ਮਕਸਦ ਸੀ ਕਿ ਅਜੋਕਾ ਸਿੱਖ ਚਿੰਤਨ ਦਾ ਅਕਾਦਮਿਕ ਪਰਿਪੇਖ ਕਿਸ ਦਾ ਧਾਰਨੀ ਬਣ ਰਿਹਾ ਹੈ।ਅਤੇ ਸਮੂਹ ਨਾਨਕ ਨਾਮ ਲੇਵਾ ਤੋਂ ਦੂਰ ਹੋ ਰਹੇ ਵਣਜਾਰੇ, ਸ਼ਿਕਲੀਗਰ ਅਤੇ ਦੱਖਣੀ ਸਿੱਖਾਂ ਦੀ ਨਾਨਕ ਪੰਥ ਨਾਲ ਗੂੜ੍ਹੇ ਸੰਬੰਧਾਂ ਨੂੰ ਮੁੜ੍ਹ ਉਜਾਗਰ ਕੀਤਾ ਜਾ ਸਕੇ।ਇਸ ਸੈਮੀਨਾਰ 'ਚ ਕੰੁਜੀਵਤ ਭਾਸ਼ਣ ਦਿੰਦਿਆਂ ਉੱਘੇ ਸਿੱਖ ਚਿੰਤਕ ਪ੍ਰੋ.ਜਗਬੀਰ ਸਿੰਘ, ਚਾਂਸਲਰ ਸੈਂਟਰਲ ਯੂਨੀਵਰਸਿਟੀ ਬਠਿੰਡਾ ਨੇ ਕਿਹਾ ਕਿ " ਸਾਨੂੰ ਸਿੱਖ ਪੰਥ ਦੇ ਇਬਾਦਤ ਤੋਂ ਸ਼ਹਾਦਤ ਤੱਕ ਦੇ ਸਫ਼ਰ ਨੂੰ ਅਜੋਕੇ ਪਰਿਪੇਖ ਵਿਚ ਸਮਝਣਾ ਚਾਹੀਦਾ ਹੈ।ਅਤੇ ਨਿਰਭਉ-ਨਿਰਵੈਰ ਸਿੱਖ ਦਰਸ਼ਨ ਦੀ ਵੱਖਰਤਾ ਨੂੰ ਸਮਝਣਾ ਚਾਹੀਦਾ ਹੈ"।ਇਸ ਗੋਸ਼ਟੀ ਵਿੱਚ ਵੱਖ-ਵੱਖ ਬੈਠਕਾਂ ਦੌਰਾਨ ਗੁਰੂ ਸਾਹਿਬ ਦੇ ਜੀਵਨ, ਦਰਸ਼ਨ, ਫਾਰਸੀ,-ਗੁਰਮੁਖੀ, ਇਤਿਹਾਸਕ ਸੋਤ੍ਰਾਂ, ਸਿੱਖ ਚਿੰਤਨ ਦੇ ਮੱਧਕਾਲੀ ਸ੍ਰੋਤਾਂ ਅਤੇ ਸ਼ਹਾਦਤ ਦੇ ਸੰਦਰਭਾਂ ਨੂੰ ਵੱਖ-ਵੱਖ ਜ਼ਾਵੀਏ ਤੋਂ ਵੇਖਿਆ-ਪਰਖਿਆ ਗਿਆ।ਇਸ ਗੋਸ਼ਟੀ ਦੇ ਉਦਘਾਟਨੀ ਸਮਾਰੋਹ 'ਚ ਸ੍ਰ. ਹਰਮੀਤ ਸਿੰਘ ਕਾਲਕਾ, ਪ੍ਰਧਾਨ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੇ ਬੋਲਦਿਆਂ " ਕਾਲਜ ਦੇ ਅਜਿਹੇ ਉੱਦਮ ਨਵੀ ਪੀੜ੍ਹੀ ਅਤੇ ਗੁਰੂ ਸਾਹਿਬ ਨਾਲ ਸੰਬੰਧਤ ਸ੍ਰੋਤਾਂ ਦੀ ਪੁਨਰ-ਪ੍ਰੜ੍ਹਤ, ਸਿੱਖ ਫਲਸਫੇ ਨੂੰ ਬਦਲ ਰਹੀਆਂ ਸਥਿਤੀਆਂ ਵਿਚ ਨਵੀਂ ਦਿਸ਼ਾਂ ਪ੍ਰਦਾਨ ਕਰਦੀ ਹੈ"।ਇਸ ਗੋਸ਼ਟੀ ਦੇ ਵਿਦਾਇਗੀ ਸਮਾਰੋਹ ਵਿੱਚ ਡਾ. ਚਰਨ ਸਿੰਘ, ਸਾਬਕਾ ਚੇਅਰਮੈਨ ਪੰਜਾਬ ਅਤੇ ਸਿੰਧ ਬੈਂਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਸੈਸ਼ਨ ਵਿੱਚ ਪ੍ਰੋ. ਜਗਦੀਸ਼ ਸਿੰਘ ਨਾਦ-ਪ੍ਰਗਾਸ, ਅੰਮ੍ਰਿਤਸਰ, ਡਾ. ਐਮ. ਪੀ. ਸਿੰਘ ਸਾਬਕਾ ਡਾਇਰੈਕਟਰ ਨੈਸ਼ਨਲ ਆਰਕਾਈਵਜ਼ ਦਿੱਲੀ ਅਤੇ ਪ੍ਰੋ. ਰਵੇਲ ਸਿੰਘ ਨੇ ਇਸ ਸ਼ੈਸ਼ਨ ਦੀ ਪ੍ਰਧਾਨਗੀ ਅਦਾ ਕੀਤੀ।ਇਸ ਤੋਂ ਇਲਾਵਾਂ ਡਾ. ਸੁਮੇਲ ਸਿੰਘ ਸਿੱਧੂ, ਡਾ. ਹਰਭਜਨ ਸਿੰਘ, ਡਾ. ਜਸਵਿੰਦਰ ਸਿੰਘ ਪਟਿਆਲਾ, ਪ੍ਰੋ. ਮਨਜੀਤ ਸਿੰਘ, ਡਾ. ਹਰਬੰਸ ਕੌਰ ਸੱਗੂ, ਡਾ. ਗੁਰਵਿੰਦਰ ਸਿੰਘ ਧਮੀਜਾ, ਪ੍ਰੋ. ਰਵਿੰਦਰ ਸਿੰਘ, ਡਾ. ਹਰਬੰਸ ਸਿੰਘ, ਡਾ. ਕੁਲਦੀਪ ਕੌਰ ਪਾਹਵਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।ਘੱਟ ਗਿਣਤੀ ਸੈੱਲ ਦੇ ਕਨਵੀਨਰ ਡਾ. ਇਕਬਾਲ ਕੌਰ ਨੇ ਸਭ ਦਾ ਧੰਨਵਾਦ ਕੀਤਾ।ਇਸ ਗੋਸ਼ਟੀ ਦੀ ਪ੍ਰਬੰਧਕੀ ਕਮੇਟੀ ਵਿੱਚ ਡਾ. ਗੁਰਜੀਤ ਕੌਰ, ਡਾ. ਅਮਰਬੀਰ ਕੌਰ, ਡਾ. ਲੋਕੇਸ਼ ਗੁਪਤਾ, ਡਾ. ਜਸਵਿੰਦਰ ਕੌਰ ਉਬਰਾਇ, ਡਾ. ਦਲਜੀਤ ਕੌਰ, ਡਾ. ਹਰਵਿੰਦਰ ਸਿੰਘ ਦਾ ਸਹਿਯੋਗ ਰਿਹਾ। ਡਾ. ਮਨੀਸ਼ਾ ਬਤਰਾ ਨੇ ਤਕਨੀਕੀ ਸਹਿਯੋਗ ਦਿੱਤਾ।